**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ ਪਸਸਬ.......1016.................ਸ.ਸ.ਕਸ ਮਿਤੀ 25-2-2023 ਐਸ.ਏ.ਐਸ.ਨਗਰ

ਵਿਸ਼ਾ: **ਦਸਵੀਂ ਅਤੇ ਬਾਰਵੀਂ/ ਸ਼੍ਰੇਣੀ ਫਰਵਰੀ/ ਮਾਰਚ** 2023 ਦੀ ਸਲਾਨਾ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖਣ ਅਤੇ ਪ੍ਰੀਖਿਆ ਵਾਲੇ ਦਿਨ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।

ਸ਼੍ਰੀਮਾਨ ਜੀ,

1. ਆਪਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਾਰਵੀਂ ਸ਼੍ਰੇਣੀ ਫਰਵਰੀ/ਮਾਰਚ 2023 ਦੀ ਮਿਤੀ 24.2.2023 ਨੂੰ ਅੰਗਰੇਜੀ ਵਿਸ਼ੇ ਦੀ ਪ੍ਰੀਖਿਆ ਦੌਰਾਨ ਬੈਂਕਾਂ ਵਿੱਚੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਸਮੇਂ ਦਫਤਰ ਵੱਲੋਂ ਜਾਰੀ ਪੱਤਰ ਨੰ: 1001 ਮਿਤੀ 13.2.2023 ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਗਈ। ਤਾਵ ਜਾਰੀ ਪੱਤਰ ਅਨੁਸਾਰ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਬੈਂਕਾਂ ਤੋਂ ਪ੍ਰਾਪਤ ਕਰਨ ਦਾ ਸਮਾਂ 12.30 ਵਜੇ ਦੁਪਹਿਰ (ਪ੍ਰੀਖਿਆ ਵਾਲੇ ਦਿਨ) ਦਰਜ ਕੀਤਾ ਹੋਇਆ ਹੈ। ਧਿਆਨ ਵਿੱਚ ਆਇਆ ਹੈ ਕਿ ਤੁਹਾਡੇ ਆਪ ਵੱਲੋਂ ਪ੍ਰਸ਼ਨ ਪੱਤਰ 10.00-11.00 ਵਜੇ ਜਾਂ ਪਹਿਲਾਂ ਹੀ ਬੈਂਕਾਂ ਤੋਂ ਪ੍ਰਾਪਤ ਕਰ ਲਏ ਗਏ ਜੋ ਕਿ ਤੁਹਾਡੇ ਵੱਲੋਂ ਕੀਤੀ ਗਈ ਘੋਰ ਅਣਗਹਿਲੀ/ ਲਾਪਰਵਾਹੀ ਹੈ।

2. ਉਕਤ ਅਣਗਹਿਲੀ ਸਬੰਧੀ ਉਚ ਅਥਾਰਟੀ ਵੱਲੋਂ ਇਸ ਦਾ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਆਪਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਸ਼ਨ ਪੱਤਰ ਬੈਂਕਾਂ ਤੋਂ ਪ੍ਰਾਪਤ ਕਰਨ ਸਮੇਂ ਦਫਤਰ ਵੱਲੋਂ ਮਿਤੀ 13.2.2023 ਰਾਹੀਂ ਜਾਰੀ ਪੱਤਰ (ਨੱਥੀ) ਵਿੱਚ ਦਰਜ ਹਦਾਇਤਾਂ ਦੀ ਇੰਨਬਿਨ ਪਾਲਣਾ ਕੀਤੀ ਜਾਵੇ, ਜੇਕਰ ਫਿਰ ਵੀ ਪ੍ਰਸ਼ਨ ਪੱਤਰ ਜਾਰੀ ਹਦਾਇਤਾਂ ਦੇ ਉਲਟ ਦਿੱਤੇ ਸਮੇਂ ਤੋਂ ਪਹਿਲਾਂ ਬੈਂਕਾਂ ਤੋਂ ਪ੍ਰਾਪਤ ਕੀਤਾ ਗਿਆ/ ਉਲੰਘਣਾ ਕੀਤੀ ਗਈ / ਲਾਪਰਵਾਹੀ ਕੀਤੀ ਗਈ ਤਾਂ ਆਪ ਵਿਰੁੱਧ ਕਾਨੂੰਨੀ ਕਾਰਵਾਈ / ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਐਫਲੀਏਟਡ ਸਕੂਲਾਂ ਆਦਿ ਲਈ ਸਰਕਾਰ ਦੇ ਰੂਲ/ ਬੋਰਡ ਦੇ ਰੂਲ ਅਨੁਸਾਰ ਕਾਰਵਾਈ ਯਕੀਨਣ ਹੋਵੇਗੀ।

ਸਹੀ/-
ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ।

ਉਤਾਰਾ:ਸਮੂਹ ਜਿਲਾ ਸਿੱਖਿਆ ਅਫਸਰ ਨੂੰ ਪੱਤਰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਪ੍ਰੀਖਿਆ ਦੇ ਕਿਸੇ ਵੀ ਵਿਸ਼ੇ ਦੇ ਸੀਲਬੰਦ ਪੈਕਟ ਨੂੰ ਨਿਸ਼ਚਿਤ ਸਮੇਂ ਤੋਂ ਪਹਿਲਾਂ ਨੁਕਸਾਨ ਹੁੰਦਾ ਹੈ, ਪੇਪਰ ਲੀਕ ਹੁੰਦਾ ਹੈ, ਤਾਂ ਪ੍ਰਿੰਸੀਪਲ ਕਮ-ਕੇਂਦਰ ਕੰਟਰੋਲਰ, ਕਲੱਸਟਰ ਹੈਡ, ਬੀ.ਪੀ.ਓ. ਜਿਲਾ ਸਿੱਖਿਆ ਅਫਸਰ(ਐਲੀਮੈਂਟਰੀ, ਸੈਕੰਡਰੀ) ਬੈਂਕਾਂ ਦਾ ਅਮਲਾ ਅਤੇ ਇਸ ਲੜੀ ਵਿੱਚ ਬੋਰਡ ਪੱਧਰ ਤੇ ਉਸ ਜਿਲੇ ਨੂੰ ਡੀਲ ਕਰ ਰਹੇ ਅਮਲੇ ਤੋਂ ਲੈ ਕੇ ਉਪਰ ਦੇ ਅਧਿਕਾਰੀਆਂ ਵਿਰੁੱਧ ਸਖਤ ਕਾਰਵਾਈ ਦੇ ਭਾਗੀਦਾਰ ਹਨ।

ਸਹਾਇਕ ਸਕੱਤਰ (ਕੰਡਕਟ) 25.2.23
ਪੰਜਾਬ ਸਕੂਲ ਸਿੱਖਿਆ ਬੋਰਡ।